# ਸਤੰਬਰ 2020 ਵਿੱਚ ਸੈਕੰਡਰੀ ਸਕੂਲ ਦੁਬਾਰਾ ਖੁਲ੍ਹਣ ਤੇ ਕੀ ਉਮੀਦ ਕੀਤੀ ਜਾਣੀ ਚਾਹੀਦੀ ਹੈ

*ਗ੍ਰੇਡ 9 ਤੋਂ 12*

ਕੋਵਿਡ-19 ਦੁਆਰਾ ਪੇਸ਼ ਕੀਤੀਆਂ ਚੁਣੌਤੀਆਂ ਦੇ ਬਾਵਜੂਦ, ਅਸੀਂ ਇਕੱਠੇ ਸਿੱਖਣ ਦੇ ਇੱਕ ਹੋਰ ਸਾਲ ਲਈ ਤੁਹਾਡੇ ਕਿਸ਼ੋਰ ਦਾ ਸਵਾਗਤ ਕਰਨ ਲਈ ਉਤੇਜਿੱਤ ਹਾਂ। ਤੁਹਾਨੂੰ ਸਕੂਲ ਵਿੱਚ ਸੁਰੱਖਿਅਤ ਵਾਪਸੀ ਲਈ ਤਿਆਰੀ ਕਰਨ ਵਾਸਤੇ, ਇਹ 2020-21 ਸਕੂਲੀ ਸਾਲ ਲਈ ਸਾਡੇ ਰੀਓਪਨਿੰਗ ਪਲਾਨਾਂ ਦੀ ਸੰਖੇਪ ਜਾਣਕਾਰੀ ਹੈ।

ਹੋਰ ਜਾਣਕਾਰੀ www.peelschools.org/reopening 'ਤੇ ਉਪਲਬਧ ਹੈ।

## ਅਨੁਕੂਲ ਬਣਾਇਆ ਗਿਆ ਮਾਡਲ: ਇੰਨ-ਪਰਸਨ ਅਤੇ ਔਨਲਾਈਨ ਲਰਨਿੰਗ ਦਾ ਮਿਸ਼ਰਨ

ਸੈਕੰਡਰੀ ਸਕੂਲ ਦੇ ਵਿਦਿਆਰਥੀ ਹਰੇਕ ਕਲਾਸ ਵਿੱਚ ਲਗਭਗ 15 ਵਿਦਿਆਰਥੀਆਂ ਦੇ ਕੋਹੋਰਟਾਂ (ਸਮੂਹਾਂ) ਵਿੱਚ, ਕਲਾਸਰੂਮ ਵਿੱਚ ਲਰਨਿੰਗ ਅਤੇ ਘਰ ਵਿੱਚ ਡਿਸਟੈਂਸ ਲਰਨਿੰਗ ਦੇ ਮਿਸ਼ਰਨ ਦੇ ਨਾਲ ਅਨੁਕੂਲ ਬਣਾਏ ਗਏ ਮਾਡਲ ਤੇ ਸਕੂਲ ਵਿੱਚ ਪਰਤਣਗੇ।

## ਹੋਰ ਵਿਕਲਪ: *ਪੀਡੀਐਸਬੀ ਔਨਲਾਈਨ ਸਕੂਲ* (PDSB Online School) ਰਾਹੀਂ ਘਰ ਵਿੱਚ ਪੜ੍ਹੋ

2020-21 ਸਕੂਲੀ ਸਾਲ ਲਈ ਸਾਖਿਆਤ ਤੌਰ ਤੇ (in person) ਸਕੂਲ ਵਿੱਚ ਹਾਜ਼ਰ ਹੋਣਾ ਸਵੈਇੱਛਿਤ ਹੈ। ਜੇ ਪਰਿਵਾਰ ਉਨ੍ਹਾਂ ਦੇ ਬੱਚਿਆਂ ਨੂੰ ਇੰਨ-ਪਰਸਨ ਲਰਨਿੰਗ ਵਾਸਤੇ ਸਕੂਲ ਨਾ ਭੇਜਣ ਦੀ ਚੋਣ ਕਰਦੇ ਹਨ, ਤਾਂ ਉਹ ਉਸਦੇ ਬਜਾਏ ਕੇਵਲ ਡਿਸਟੈਂਸ ਲਰਨਿੰਗ ਰਾਹੀਂ ਘਰ ਤੋਂ ਪੜ੍ਹ ਸਕਦੇ ਹਨ। ਇਹ ਵਿਦਿਆਰਥੀ ਸਾਡੇ ਨਵੇਂ *ਪੀਡੀਐਸਬੀ ਔਨਲਾਈਨ ਸਕੂਲ* ਵਿੱਚ ਭਰਤੀ ਹੋਣਗੇ।

*ਪੀਡੀਐਸਬੀ ਔਨਲਾਈਨ ਸਕੂਲ* ਪੂਰਾ ਓਨਟੈਰਿਓ ਪਾਠਕ੍ਰਮ ਲਾਈਵ, ਔਨਲਾਈਨ ਅਨੁਭਵਾਂ ਅਤੇ ਫਾਲੋ-ਅੱਪ ਗਤੀਵਿਧੀਆਂ ਰਾਹੀਂ ਪੇਸ਼ ਕਰੇਗਾ ਜਿੰਨ੍ਹਾਂ ਤੇ ਵਿਦਿਆਰਥੀ ਘਰੋਂ ਕੰਮ ਕਰਦੇ ਹਨ। ਇਹ ਸਿਖਲਾਈ ਪੀਲ ਬੋਰਡ ਦੇ ਸਿੱਖਿਅਕਾਂ ਦੁਆਰਾ ਡਿਲਿਵਰ ਕੀਤੀ ਜਾਵੇਗੀ, ਪਰ ਜ਼ਰੂਰੀ ਤੌਰ ਤੇ ਤੁਹਾਡੇ ਕਿਸ਼ੋਰ ਦੇ ਸਕੂਲ ਵਿੱਚ ਇੱਕ ਸਿੱਖਿਅਕ ਦੁਆਰਾ ਨਹੀਂ।

ਸੈਕੰਡਰੀ ਸਕੂਲ ਵਿੱਚ, ਔਨਲਾਈਨ ਉਪਲਬਧ ਵਿਸ਼ੇ ਖੇਤਰਾਂ ਦੀ ਸੀਮਿਤ ਪੇਸ਼ਕਸ਼ ਹੋਵੇਗੀ। *ਪੀਡੀਐਸਬੀ ਔਨਲਾਈਨ ਸਕੂਲ* ਗ੍ਰੈਜੁਏਸ਼ਨ ਅਤੇ ਪੋਸਟ-ਸੈਕੰਡਰੀ ਸਿੱਖਿਆ ਦੇ ਲਈ ਪਹਿਲਾਂ ਤੋਂ ਲੁੜੀਂਦੇ ਕੋਰਸਾਂ ਲਈ ਮੁੱਖ ਵਿਸ਼ੇ ਖੇਤਰ ਮੁਹੱਈਆ ਕਰਨ ਤੇ ਫੋਕਸ ਕਰੇਗਾ।

### ਲਰਨਿੰਗ ਮਾਡਲਾਂ ਦੇ ਵਿੱਚ ਸਵਿਚ ਕਰਨਾ (ਅੱਪਡੇਟਿਡ)

ਸੈਕੰਡਰੀ ਵਿਦਿਆਰਥੀ ਸਕੂਲ ਦੇ ਪਹਿਲੇ ਹਫਤੇ ਤੱਕ **ਡਿਸਟੈਂਸ ਲਰਨਿੰਗ ਤੋਂ ਅਨੁਕੂਲ ਬਣਾਏ ਗਏ ਲਰਨਿੰਗ ਮਾਡਲ** ਤੱਕ ਸਵਿਚ ਕਰ ਸਕਦੇ ਹਨ। ਉਸ ਤੋਂ ਬਾਅਦ, ਜੇ ਵਿਦਿਆਰਥੀਆਂ ਨੇ ਪੂਰੀ ਡਿਸਟੈਂਸ ਲਰਨਿੰਗ ਚੁਣੀ ਹੈ, ਉਹ ਕੁਆਡਮੈਸਟਰ ਦੀ ਮਿਆਦ ਦੇ ਲਈ *ਪੀਡੀਐਸਬੀ ਔਨਲਾਈਨ ਸਕੂਲ* ਵਿੱਚ ਰਹਿਣਗੇ (ਸਾਡੇ ਕੁਆਡਮੈਸਟਰ ਮਾਡਲ ਬਾਰੇ ਹੋਰ ਜਾਣਨ ਲਈ ਅਗਲਾ ਸਫਾ ਦੇਖੋ)।

ਜੇ ਵਿਦਿਆਰਥੀ **ਇੰਨ-ਪਰਸਨ ਸਕੂਲ ਵਿੱਚ ਹਾਜ਼ਰ ਹੋਣ ਦੀ ਚੋਣ ਕਰਦੇ ਹਨ ਅਤੇ *ਪੀਡੀਐਸਬੀ ਔਨਲਾਈਨ ਸਕੂਲ*** ਵਿੱਚ ਸਵਿਚ ਕਰਨਾ ਚਾਹੁੰਦੇ ਹਨ, ਤਾਂ ਸੰਭਵ ਹੈ ਕਿ ਉਹ ਅਜਿਹਾ ਕਰ ਸਕਣ, ਜਦੋਂ ਤੱਕ ਕਿ ਕੋਰਸ ਔਨਲਾਈਨ ਪੇਸ਼ ਕੀਤਾ ਜਾਂਦਾ ਹੈ। ਸਕੂਲ ਪਰਿਵਾਰਾਂ ਨੂੰ ਇਸ ਤਬਦੀਲੀ ਦੇ ਨਾਲ ਸਹਾਇਤਾ ਕਰਨ ਵਾਸਤੇ ਵਿਦਿਆਰਥੀਆਂ ਦੇ ਨਾਲ ਕੰਮ ਕਰਨਗੇ।

# ਨਵੇਂ ਅਨੁਕੂਲ ਬਣਾਏ ਗਏ ਮਾਡਲ ਨੂੰ ਸਮਝਣਾ: ਇੰਨ-ਪਰਸਨ ਅਤੇ ਡਿਸਟੈਂਸ ਲਰਨਿੰਗ ਦਾ ਮਿਸ਼ਰਨ

### ਸਕੂਲ ਦੇ ਕਾਰਜਕ੍ਰਮ ਅਤੇ ਕੋਹੋਰਟ

ਸਕੂਲੀ ਸਾਲ ਚਾਰ ਕੁਆਡਮੈਸਟਰਾਂ ਵਿੱਚ ਵੰਡਿਆ ਜਾਵੇਗਾ। ਹਰੇਕ ਕੁਆਡਮੈਸਟਰ ਵਿੱਚ, ਵਿਦਿਆਰਥੀ ਲਗਭਗ 10 ਹਫਤਿਆਂ ਵਿੱਚ ਦੋ ਕੋਰਸਾਂ ਤੇ ਫੋਕਸ ਕਰਨਗੇ।

ਵਿਦਿਆਰਥੀਆਂ ਵਿਚਕਾਰ ਗੱਲਬਾਤ ਨੂੰ ਸੀਮਿਤ ਕਰਨ ਵਿੱਚ ਸਹਾਇਤਾ ਕਰਨ ਲਈ ਵਿਦਿਆਰਥੀਆਂ ਨੂੰ **ਕੋਹੋਰਟ ਏ ਜਾਂ ਬੀ** (Cohort A or B) ਵਿੱਚ ਨਿਰਧਾਰਤ ਕੀਤਾ ਜਾਵੇਗਾ, ਹਰੇਕ ਕੋਹੋਰਟ ਦੇ ਰੋਟੇਟ ਕਰਨ ਵਾਲੇ ਕਾਰਜਕ੍ਰਮ ਦੇ ਅਨੁਸਾਰ ਇੰਨ-ਪਰਸਨ ਕਲਾਸ ਵਿੱਚ ਹਾਜ਼ਰ ਹੋਣ ਦੇ ਨਾਲ। ਕੋਹੋਰਟ ਏ ਵਿੱਚ ਵਿਦਿਆਰਥੀ ਇੱਕ ਹਫਤੇ ਸੋਮਵਾਰ, ਮੰਗਲਵਾਰ, ਬੁੱਧਵਾਰ ਨੂੰ, ਅਤੇ ਅਗਲੇ ਹਫਤੇ ਸੋਮਵਾਰ ਅਤੇ ਮੰਗਲਵਾਰ ਨੂੰ ਸਕੂਲ ਵਿੱਚ ਹਾਜ਼ਰ ਹੋਣਗੇ (ਚਾਰਟ ਦੇਖੋ)।

#### *ਸੈਕੰਡਰੀ ਸਕੂਲ ਇੰਨ-ਪਰਸਨ ਅਟੈਂਡੈਂਸ ਕਾਰਜਕ੍ਰਮ*

*ਇਹ ਚਾਰਟ ਦਰਸਾਉਂਦਾ ਹੈ ਕਿ ਕੋਹੋਰਟ ਏ ਅਤੇ ਬੀ ਕਿਹੜੇ ਦਿਨਾਂ ਨੂੰ ਇੰਨ ਪਰਸਨ ਸਕੂਲ ਵਿੱਚ ਹਾਜ਼ਰ ਹੋਣਗੇ, ਅਤੇ ਨਾਲ ਹੀ ਕਿਹੜੇ ਦਿਨ ਨੂੰ ਕਿਹੜਾ ਕੋਰਸ ਪੜ੍ਹਾਇਆ ਜਾਵੇਗਾ।*

| | ਸੋਮਵਾਰ | ਮੰਗਲਵਾਰ | ਬੁੱਧਵਾਰ | ਵੀਰਵਾਰ | ਸ਼ੁੱਕਰਵਾਰ |
|---|---|---|---|---|---|
| ਹਫ਼ਤਾ 1 | ਕੋਹੋਰਟ ਏ ਪੀਰੀਅਡ 1 ਕਲਾਸ | ਕੋਹੋਰਟ ਏ ਪੀਰੀਅਡ 2 ਕਲਾਸ | ਕੋਹੋਰਟ ਏ ਪੀਰੀਅਡ 1 ਕਲਾਸ | ਕੋਹੋਰਟ ਬੀ ਪੀਰੀਅਡ 1 ਕਲਾਸ | ਕੋਹੋਰਟ ਬੀ ਪੀਰੀਅਡ 2 ਕਲਾਸ |
| ਹਫ਼ਤਾ 2 | ਕੋਹੋਰਟ ਏ ਪੀਰੀਅਡ 1 ਕਲਾਸ | ਕੋਹੋਰਟ ਏ ਪੀਰੀਅਡ 2 ਕਲਾਸ | ਕੋਹੋਰਟ ਬੀ ਪੀਰੀਅਡ 1 ਕਲਾਸ | ਕੋਹੋਰਟ ਬੀ ਪੀਰੀਅਡ 1 ਕਲਾਸ | ਕੋਹੋਰਟ ਬੀ ਪੀਰੀਅਡ 2 ਕਲਾਸ |
| ਹਫ਼ਤਾ 3 | ਕੋਹੋਰਟ ਏ ਪੀਰੀਅਡ 1 ਕਲਾਸ | ਕੋਹੋਰਟ ਏ ਪੀਰੀਅਡ 2 ਕਲਾਸ | ਕੋਹੋਰਟ ਏ ਪੀਰੀਅਡ 2 ਕਲਾਸ | ਕੋਹੋਰਟ ਬੀ ਪੀਰੀਅਡ 1 ਕਲਾਸ | ਕੋਹੋਰਟ ਬੀ ਪੀਰੀਅਡ 2 ਕਲਾਸ |
| ਹਫ਼ਤਾ 4 | ਕੋਹੋਰਟ ਏ ਪੀਰੀਅਡ 1 ਕਲਾਸ | ਕੋਹੋਰਟ ਏ ਪੀਰੀਅਡ 2 ਕਲਾਸ | ਕੋਹੋਰਟ ਬੀ ਪੀਰੀਅਡ 2 ਕਲਾਸ | ਕੋਹੋਰਟ ਬੀ ਪੀਰੀਅਡ 1 ਕਲਾਸ | ਕੋਹੋਰਟ ਬੀ ਪੀਰੀਅਡ 2 ਕਲਾਸ |

*ਨੋਟ:* 5 - ਪੀਰੀਅਡਾਂ ਵਾਲੇ ਦਿਨ (ਪੀਲ ਡਿਸਟ੍ਰਿਕਟ ਸਕੂਲ ਬੋਰਡ ਵਿੱਚ ਕੁਝ ਹੀ ਹਨ ) ਵਾਲੇ ਸਕੂਲਾਂ ਵਿੱਚ ਜਾਣ ਵਾਲੇ ਵਿਦਿਆਰਥੀਆਂ ਦਾ ਕਾਰਜਕ੍ਰਮ ਉੱਤੇ ਦਰਸਾਏ ਗਏ ਨਾਲੋਂ ਥੋੜ੍ਹਾ ਜਿਹਾ ਵੱਖਰਾ ਹੋਵੇਗਾ। ਇਹ ਸਕੂਲ ਉਨ੍ਹਾਂ ਦਾ ਕਾਰਜਕ੍ਰਮ ਪਰਿਵਾਰਾਂ ਦੇ ਨਾਲ ਸਿੱਧਾ ਸਾਂਝਾ ਕਰਨਗੇ।

## ਸਕੂਲ ਦੀ ਸ਼ੁਰੂਆਤ ਦੇ ਸਮੇਂ ਇੱਕੋ ਜਿਹੇ ਰਹਿਣਗੇ (ਜ਼ਿਆਦਾਤਰ ਕੇਸਾਂ ਵਿੱਚ)

ਉਸ ਦਿਨ ਸਕੂਲ ਵਿੱਚ ਹੋਣ ਵਾਸਤੇ ਨਿਯਤ ਵਿਦਿਆਰਥੀ 150 ਮਿੰਟ ਦੀ ਇੰਨ-ਪਰਸਨ ਲਰਨਿੰਗ ਲਈ ਪਹੁੰਚਣਗੇ, ਅਤੇ ਫਿਰ ਔਨਲਾਈਨ ਪੜ੍ਹਨਾ ਜਾਰੀ ਰੱਖਣ ਲਈ ਘਰ ਪਰਤਣਗੇ। ਜੇ ਵਿਦਿਆਰਥੀ ਸਕੂਲ ਵਿੱਚ ਹੋਣ ਲਈ ਨਿਯਤ ਨਹੀਂ ਹੈ, ਤਾਂ ਉਨ੍ਹਾਂ ਨੂੰ ਸਕੂਲੀ ਦਿਨ ਦੇ ਦੌਰਾਨ ਘਰ ਵਿੱਚ ਡਿਸਟੈਂਸ ਲਰਨਿੰਗ ਵਿੱਚ ਭਾਗ ਲੈਣ ਦੀ ਲੋੜ ਹੋਵੇਗੀ।

*ਇਹ **ਕੋਹੋਰਟ ਏ,** ਵਿਚਲੇ ਇੱਕ ਅਜਿਹੇ ਵਿਦਿਆਰਥੀ ਵਾਸਤੇ ਰੋਜ਼ਾਨਾ ਟਾਈਮ -ਟੇਬਲ ਹੈ ਜਿਹੜਾ ਇੰਨ-ਪਰਸਨ ਸਿੱਖਣ ਲਈ ਸਕੂਲ ਵਿੱਚ ਹੋਣ ਲਈ ਨਿਯਤ ਹੈ। ਸਕੂਲ ਦੀ ਸ਼ੁਰੂਆਤ ਦੇ ਸਮੇਂ ਵੱਖ ਵੱਖ ਹੋਣਗੇ।*

| ਸੈਂਪਲ ਸਮਾਂ | | |
|---|---|---|
| ਸਵੇਰੇ 8:30 ਤੋਂ ਸਵੇਰੇ 11 ਵਜੇ ਤੱਕ (150 ਮਿੰਟ) | **ਕੋਹੋਰਟ ਏ** ਸਕੂਲ ਵਿੱਚ | **ਕੋਹੋਰਟ ਬੀ** ਡਿਸਟੈਂਸ ਲਰਨਿੰਗ (ਘਰ ਵਿੱਚ) |
| ਸਵੇਰੇ 11 ਵਜੇ | ਵਿਦਿਆਰਥੀਆਂ ਦੀ ਛੁੱਟੀ – **ਕੋਹੋਰਟ ਏ** ਡਿਸਟੈਂਸ ਲਰਨਿੰਗ ਜਾਰੀ ਰੱਖਣ ਲਈ ਘਰ ਪਰਤਦਾ ਹੈ | |
| ਸਵੇਰੇ 11 ਵਜੇ ਤੋਂ ਦੁਪਹਿਰ 12 ਵਜੇ ਤੱਕ | ਟੀਚਰ ਲੰਚ | |
| ਦੁਪਹਿਰ 12 ਵਜੇ ਤੋਂ 1:15 ਵਜੇ ਤੱਕ (75 ਮਿੰਟ) | **ਕੋਹੋਰਟ ਏ ਅਤੇ ਬੀ** ਡਿਸਟੈਂਸ ਲਰਨਿੰਗ (ਘਰ ਵਿੱਚ) ਸਹਾਇਤਾ ਅਤੇ ਸੁਤੰਤਰ ਪੜ੍ਹਾਈ | |
| ਦੁਪਹਿਰ 1:15 ਵਜੇ ਤੋਂ 2:30 ਵਜੇ (75 ਮਿੰਟ) | **ਕੋਹੋਰਟ ਏ ਅਤੇ ਬੀ** ਰੀਅਲ-ਟਾਇਮ ਡਿਸਟੈਂਸ ਲਰਨਿੰਗ (ਘਰ ਵਿੱਚ) ਕਲਾਸਰੂਮ ਟੀਚਰ ਦੇ ਨਾਲ | |

# ਵੱਧੇ ਹੋਏ ਸਿਹਤ ਅਤੇ ਸੁਰੱਖਿਆ ਉਪਾਅ

## ਸਕ੍ਰੀਨਿੰਗ ਅਤੇ ਕਦੋਂ ਘਰ ਰਹਿਣਾ ਹੈ

ਇੱਕ ਸੁਰੱਖਿਅਤ ਸਕੂਲ ਹਮੇਸ਼ਾ ਹੀ ਇੱਕ ਸੰਪੂਰਣ ਅਟੈਂਡੇਂਸ ਰਿਕਾਰਡ ਨਾਲੋਂ ਵੱਧ ਮਹੱਤਵਪੂਰਨ ਹੁੰਦਾ ਹੈ।

ਪਰਿਵਾਰਾਂ ਵਾਸਤੇ ਬਸ ਸਟੌਪ ਅਤੇ ਸਕੂਲ ਪਹੁੰਚਣ ਤੋਂ ਪਹਿਲਾਂ ਉਨ੍ਹਾਂ ਦੇ ਕਿਸ਼ੋਰ ਦੀ ਰੋਜ਼ਾਨਾ ਸ੍ਕ੍ਰੀਨਿੰਗ ਕਰਨ ਲਈ ਇਹ ਚੈੱਕਲਿਸਟ ਵਰਤਣਾ ਜ਼ਰੂਰੀ ਹੈ। ਜੇ ਤੁਹਾਡਾ ਕਿਸ਼ੋਰ ਕੋਈ ਵੀ ਲੱਛਣਾਂ ਦਾ ਅਨੁਭਵ ਕਰ ਰਿਹਾ ਹੈ, ਤਾਂ ਕਿਰਪਾ ਕਰਕੇ ਉਨ੍ਹਾਂ ਨੂੰ ਘਰ ਰੱਖੋ ਅਤੇ ਲੋੜ ਅਨੁਸਾਰ ਮੈਡੀਕਲ ਤਵੱਜੋ ਦੀ ਮੰਗ ਕਰੋ। ਜੇ ਵਿਦਿਆਰਥੀ ਸਕੂਲ ਵਿੱਚ ਹੋਣ ਦੌਰਾਨ ਕੋਵਿਡ-19 ਦੇ ਲੱਛਣ ਦਰਸਾਉਂਦੇ ਹਨ, ਤਾਂ ਉਹ ਘਰ ਪਰਤਣਗੇ ਜਾਂ ਘਰ ਜਾਣ ਲਈ ਪਿੱਕ ਅਪ ਕੀਤੇ ਜਾਣ ਦੀ ਉਡੀਕ ਕਰਨ ਲਈ ਇੱਕ ਖਾਸ ਆਈਸੋਲੇਸ਼ਨ ਰੂਮ ਵਿੱਚ ਮੂਵ ਹੋ ਜਾਣਗੇ। ਚੈੱਕਲਿਸਟ ਦੇਖੋ: https://covid-19.ontario.ca/self-assessment/

## ਮਾਸਕ ਅਤੇ/ਜਾਂ ਫੇਸ ਕਵਰਿੰਗ ਜ਼ਰੂਰੀ ਹਨ

ਜਿਵੇਂ ਕਿ ਸਿੱਖਿਆ ਮੰਤਰਾਲੇ ਦੁਆਰਾ ਆਦੇਸ਼ ਦਿੱਤਾ ਗਿਆ ਹੈ, ਗ੍ਰੇਡ 1 ਤੋਂ 12 ਤੱਕ ਦੇ ਵਿਦਿਆਰਥੀਆਂ ਲਈ ਬੋਰਡ ਦੁਆਰਾ ਮੁਹੱਈਆ ਕੀਤੀ ਗਈ ਟ੍ਰਾਂਸਪੋਰਟੇਸ਼ਨ (ਉਦਾਹਰਣ ਲਈ ਬਸਾਂ) ਅਤੇ ਸਕੂਲ ਦੇ ਅੰਦਰ (ਉਦਾਹਰਣ ਲਈ ਕਲਾਸਾਂ ਦੌਰਾਨ ਅਤੇ ਹਾਲਵੇ ਵਿੱਚ) ਮਾਸਕ

ਜਾਂ ਫੇਸ ਕਵਰਿੰਗ ਪਹਿਨਣਾ ਜ਼ਰੂਰੀ ਹੈ। ਜਾਇਜ਼ ਛੋਟਾਂ ਲਾਗੂ ਹੋਣਗੀਆਂ। ਇਕੱਠੇ ਉਨਟੈਰਿਓ ਸਰਕਾਰ ਦੀਆਂ ਸੇਧਾਂ ਦੀ ਸਮੀਖਿਆ ਕਰਕੇ ਆਪਣੇ ਕਿਸ਼ੋਰ ਨੂੰ ਮਾਸਕ ਪਹਿਨਣ ਦੀ ਆਦਤ ਪਾਉਣ ਵਿੱਚ ਸਹਾਇਤਾ ਕਰੋ।

ਜੇ ਤੁਹਾਡੀਆਂ ਚਿੰਤਾਵਾਂ ਹਨ, ਤਾਂ ਕਿਰਪਾ ਕਰਕੇ ਆਪਣੇ ਸਕੂਲ ਦੇ ਪ੍ਰਿੰਸੀਪਲ ਨਾਲ ਗੱਲ ਕਰੋ।

## ਹੱਥਾਂ ਦੀ ਸਫ਼ਾਈ ਦਾ ਅਭਿਆਸ ਕਰੋ

ਸਕੂਲ ਦੇ ਹਰੇਕ ਪ੍ਰਵੇਸ਼ ਅਤੇ ਹਰੇਕ ਕਲਾਸਰੂਮ ਵਿੱਚ ਹੈਂਡ ਸੈਨੀਟਾਈਜ਼ਰ ਉਪਲਬਧ ਹੋਵੇਗਾ। ਵਿਦਿਆਰਥੀਆਂ ਅਤੇ ਸਟਾਫ ਨੂੰ ਜਦੋਂ ਉਹ ਸਕੂਲ ਦੀ ਇਮਾਰਤ ਅਤੇ ਕਲਾਸਰੂਮ ਵਿੱਚ ਪ੍ਰਵੇਸ਼ ਕਰਦੇ ਹਨ, ਖਾਣ ਤੋਂ ਪਹਿਲਾਂ ਅਤੇ ਬਾਅਦ ਵਿੱਚ, ਵੌਸ਼ਰੂਮ ਵਰਤਣ ਤੋਂ ਬਾਅਦ ਅਤੇ ਦਿਨ ਭਰ ਵਿੱਚ ਦੂਸਰੇ ਸਮਿਆਂ ਤੇ ਹੱਥ ਸੈਨੀਟਾਈਜ਼ ਕਰਨ ਲਈ ਨਿਰਦੇਸ਼ਤ ਕੀਤਾ ਜਾਵੇਗਾ। ਸਾਰੀਆਂ ਕਲਾਸਾਂ ਦੀਆਂ ਵੌਸ਼ਰੂਮ ਅਤੇ ਹੱਥ ਧੋਣ ਦੀਆਂ ਨੀਯਤ ਬ੍ਰੇਕਾਂ ਹੋਣਗੀਆਂ।

## ਦੂਸਰਿਆਂ ਕੋਲੋਂ ਸੁਰੱਖਿਅਤ ਦੂਰੀ ਬਣਾਈ ਰੱਖੋ

ਵਿਦਿਆਰਥੀਆਂ ਅਤੇ ਦੂਸਰੇ ਸਮੂਹਾਂ/ਦੂਸਰੀਆਂ ਕਲਾਸਾਂ ਵਿਚਕਾਰ ਜਿੰਨ੍ਹੀ ਦੂਰੀ ਸੰਭਵ ਹੋਵੇ ਨੂੰ ਉਤਸ਼ਾਹਤ ਕਰਨ ਲਈ ਨਵੇਂ ਸਕੂਲੀ ਰੁਟੀਨ ਸਥਾਪਤ ਹੋਣਗੇ।

ਇਸ ਵਿੱਚ ਇੱਕ-ਦਿਸ਼ਾ ਵਾਲੇ ਹਾਲਵੇ, ਸਮੂਹ ਬਣਾਉਣਾ (cohorting), ਡਰੌਪ-ਔਫ/ਪਿਕ ਅੱਪ ਦੇ ਸੋਧੇ ਹੋਏ ਰੁਟੀਨ, ਬੰਦ ਸਾਂਝੀਆਂ ਥਾਵਾਂ (ਜਿਵੇਂ ਕਿ ਲਾਇਬ੍ਰੇਰੀਆਂ, ਔਡੀਟੋਰੀਅਮ, ਕੈਫੇਟੇਰਿਆ, ਵੇਟ ਰੂਮ ਅਤੇ ਚੇਂਜਰੂਮ), ਸੀਟਿੰਗ ਅਸਾਇਨਮੈਂਟਾਂ, ਸਾਰੇ ਸਕੂਲ ਵਿੱਚ ਕਲਾਸ ਦੀ ਗਤੀਵਿਧੀ ਦਾ ਤਾਲਮੇਲ ਅਤੇ ਹੋਰ ਸ਼ਾਮਲ ਹਨ। ਦੂਸਰਿਆਂ ਦੇ ਨਾਲ ਸੰਪਰਕ ਨੂੰ ਸੀਮਿਤ ਕਰਨ ਲਈ, ਵਿਦਿਆਰਥੀ ਹੈਲਥ ਅਤੇ ਫਿਜ਼ਿਕਲ ਐਜੂਕੇਸ਼ਨ ਦੇ ਅਪਵਾਦ ਦੇ ਨਾਲ, ਸਾਰੇ ਵਿਸ਼ਿਆਂ ਵਾਸਤੇ ਉਨ੍ਹਾਂ ਦੇ ਕਲਾਸਰੂਮ ਵਿੱਚ ਰਹਿਣਗੇ।

## ਸਫ਼ਾਈ ਅਤੇ ਰੋਗਾਣੂ ਰਹਿਤ ਕਰਨ ਦੇ ਵੱਧੇ ਹੋਏ ਰੁਟੀਨ

ਪਬਲਿਕ ਹੈਲਥ ਏਜੰਸੀਆਂ ਅਤੇ ਸਿੱਖਿਆ ਮੰਤਰਾਲੇ ਕੋਲੋਂ ਅਗਵਾਈ ਦੇ ਅਧਾਰ ਤੇ, ਸਕੂਲ ਦੇ ਰੁਟੀਨਾਂ ਦੇ ਸਾਰੇ ਪਹਿਲੂਆਂ ਵਿੱਚ ਨਵੇਂ ਵੱਧੇ ਹੋਏ ਸਿਹਤ ਅਤੇ ਸੁਰੱਖਿਆ ਉਪਾਅ ਸ਼ਾਮਲ ਕੀਤੇ ਗਏ ਹਨ। ਸਫ਼ਾਈ ਕਰਨ ਵਾਲਾ ਸਟਾਫ ਰੋਜ਼ਮੱਰਾ ਸਫ਼ਾਈ ਅਤੇ ਅਕਸਰ ਛੂਹੀਆਂ ਜਾਣ ਵਾਲੀਆਂ ਸਤਹਾਂ ਸਮੇਤ, ਸਾਰੇ ਸਕੂਲ ਵਿੱਚ ਰੋਗਾਣੂ ਮੁਕਤ ਕਰਨ ਲਈ ਹਸਪਤਾਲ-ਗ੍ਰੇਡ ਦੇ ਰਗਾਣੂਨਾਸ਼ਕ ਵਰਤਣਗੇ। ਵੱਖ ਵੱਖ ਸਮੂਹਾਂ ਦੁਆਰਾ ਸਾਂਝੀਆਂ ਕੀਤੀਆਂ ਜਾਣ ਵਾਲੀਆਂ ਥਾਵਾਂ ਨੂੰ ਵਰਤੇ ਜਾਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਸਾਫ ਅਤੇ ਰਗਾਣੂਮੁਕਤ ਕੀਤਾ ਜਾਵੇਗਾ।

## ਨਵੇਂ ਬਸ ਰੁਟੀਨ

ਸਕੂਲ ਬਸ ਤੇ, ਵਿਦਿਆਰਥੀਆਂ ਲਈ ਕਲਾਸਰੂਮ ਸਮੂਹਾਂ ਅਤੇ ਇੱਕੋ ਘਰ ਤੋਂ ਆਉਣ ਵਾਲੇ ਭੈਣਾਂ-ਭਰਾਵਾਂ ਦੇ ਅਧਾਰ ਤੇ ਸੀਟਾਂ ਨਿਰਧਾਰਤ ਕੀਤੀਆਂ ਜਾਣਗੀਆਂ। ਯਾਤਰਾਵਾਂ ਦੇ ਵਿਚਕਾਰ ਅਕਸਰ ਛੂਹੀਆਂ ਜਾਣ ਵਾਲੀਆਂ ਸਤਹਾਂ ਨੂੰ ਡਰਾਈਵਰ ਦੁਆਰਾ ਸਾਫ ਕੀਤਾ ਜਾਵੇਗਾ। ਗ੍ਰੇਡ 1 ਤੋਂ 12 ਦੇ ਵਿਦਿਆਰਥੀਆਂ ਵਾਸਤੇ ਮਾਸਕ ਅਤੇ/ਜਾਂ ਫੇਸ ਕਵਰਿੰਗ ਜ਼ਰੂਰੀ ਹਨ। ਜਾਇਜ਼ ਛੋਟਾਂ ਲਾਗੂ ਹੋਣਗੀਆਂ।

ਜੇ ਤੁਹਾਡਾ ਬੱਚਾ ਬੋਰਡ ਦੁਆਰਾ ਮੁਹੱਈਆ ਕੀਤੀ ਗਈ ਟ੍ਰਾਂਪੋਰਟੇਸ਼ਨ ਨਹੀਂ ਵਰਤੇਗਾ, ਤਾਂ ਕਿਰਪਾ ਕਰਕੇ ਇਸ ਸਟੂਡੈਂਟ ਟ੍ਰਾਂਸਪੋਰਟੇਸ਼ਨ ਔਫ ਪੀਲ ਰੀਜਨ ਔਪਟ-ਆਉਟ ਫਾਰਮ (Student Transportation of Peel Region Opt-out Form) ਨੂੰ ਭਰੋ।

## ਸਪੈਸ਼ਲ ਐਜੁਕੇਸ਼ਨ

ਸਪੈਸ਼ਲ ਐਜੁਕੇਸ਼ਨ ਦੇ ਉੱਚ ਲੈਵਲ ਵਾਲੇ ਸੈਕੰਡਰੀ ਵਿਦਿਆਰਥੀ, ਜਿਹੜੇ ਘਰੋਂ ਪੜ੍ਹਨ ਵਿੱਚ ਅਸਮਰਥ ਹਨ, ਨੂੰ ਰੋਜ਼ਾਨਾ ਹਾਜ਼ਰੀ ਅਤੇ ਸਿਖਲਾਈ ਦੀ ਇਜਾਜ਼ਤ ਦਿੱਤੀ ਜਾਵੇਗੀ। ਇੰਨ-ਪਰਸਨ ਅਤੇ ਘਰ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਵਾਸਤੇ ਵਿਆਕਤੀਗਤ ਸਿੱਖਿਆ ਯੋਜਨਾਵਾਂ (Individual Education Plans) ਨੂੰ ਸਮਰਥਨ ਦਿੱਤਾ ਜਾਣਾ ਜਾਰੀ ਰਹੇਗਾ। ਸਾਡੀਆਂ ਸਪੈਸ਼ਲ ਐਜੁਕੇਸ਼ਨ ਕਲਾਸਾਂ ਵਿੱਚ ਵਿਦਿਆਰਥੀਆਂ ਨਾਲ ਸੰਬੰਧਤ ਯੋਜਨਾਵਾ ਦੇਖੋ।

## ਮਾਨਸਿਕ ਸਿਹਤ ਅਤੇ ਕਮਿਊਨਿਟੀ ਸਹਾਰੇ

ਇੰਨ੍ਹਾਂ ਚੁਣੌਤੀਪੂਰਨ ਸਮਿਆਂ ਦੌਰਾਨ, ਪੀਲ ਬੋਰਡ ਦੇ ਕੋਲ ਵਿਦਿਆਰਥੀਆਂ ਅਤੇ ਪਰਿਵਾਰਾਂ ਵਾਸਤੇ ਮਾਨਸਿਕ ਸਿਹਤ ਅਤੇ ਭਲਾਈ ਸੰਬੰਧੀ ਸਹਾਰਿਆਂ ਅਤੇ ਸਾਧਨਾਂ ਦੇ ਨਾਲ ਹੀ ਮਾਨਸਿਕ ਸਿਹਤ, ਭੋਜਨ, ਵਿੱਤੀ ਅਤੇ ਆਸਰੇ ਸੰਬੰਧੀ ਲੋੜਾਂ ਦੇ ਲਈ ਉਪਲਬਧ ਕਮਿਊਨਿਟੀ ਸਹਾਰਿਆਂ ਦੀ ਵਿਆਪਕ ਸੂਚੀ ਉਪਲਬਧ ਹੈ।

## ਅੱਪ-ਟੂ-ਡੇਟ ਰਹੋ

2020-21 ਵਾਸਤੇ ਬੋਰਡ ਦੇ ਰੀਓਪਨਿੰਗ ਪਲਾਨਾਂ ਬਾਰੇ ਹੋਰ ਜਾਣਨ ਲਈ, www.peelschools.org/reopening 'ਤੇ ਜਾਓ। ਇਹ ਵੈੱਬਪੇਜ ਅਪਡੇਟ ਕੀਤਾ ਜਾਵੇਗਾ ਜਿਵੇ-ਜਿਵੇਂ ਨਵੀਂ ਜਾਣਕਾਰੀ ਉਪਲਬਧ ਹੁੰਦੀ ਹੈ।

## ਪਰਿਭਾਸ਼ਾਵਾਂ:

**ਸਮੂਹ (Cohorts):** ਸਮੂਹ ਬਣਾਉਣਾ (Cohorting) ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸਾਰੇ ਸਕੂਲ ਦਿਨ ਦੌਰਾਨ, ਵੱਖ ਵੱਖ ਅਧਿਆਪਕਾਂ ਜਾਂ ਕਈ ਕਿਸਮ ਦੇ ਕਲਾਸਮੇਟਾਂ ਦੇ ਨਾਲ ਸੀਮਿਤ ਸੰਪਰਕ ਦੇ ਨਾਲ, ਛੋਟੇ ਸਮੂਹਾਂ ਵਿੱਚ ਇਕੱਠੇ ਰੱਖਣ ਦਾ ਅਭਿਆਸ ਹੈ। ਇਹ ਅਮਲ ਉਨ੍ਹਾਂ ਦੂਸਰੇ ਵਿਦਿਆਰਥੀਆਂ ਦੀ ਸੰਖਿਆ ਨੂੰ ਸੀਮਿਤ ਕਰਦਾ ਹੈ ਜਿੰਨ੍ਹਾਂ ਦਾ ਸੰਪਰਕ ਇੱਕ ਇਕੱਲੇ ਵਿਦਿਆਰਥੀ ਦੇ ਨਾਲ ਹੁੰਦਾ ਹੈ।

**ਡਿਸਟੈਂਸ ਲਰਨਿੰਗ:** ਡਿਸਟੈਂਸ ਲਰਨਿੰਗ ਵਿੱਚ ਭਰਤੀ ਵਿਦਿਆਰਥੀ ਪੀਲ ਬੋਰਡ ਦੇ ਸਿੱਖਿਅਕ ਦੁਆਰਾ ਮੁਹੱਈਆ ਕੀਤੀ ਗਈ ਔਨਲਾਈਨ ਸਿਖਲਾਈ ਰਾਹੀਂ ਘਰ ਵਿੱਚ ਪੜ੍ਹਨਗੇ। ਇਸ ਵਿੱਚ ਲਾਈਵ, ਰੀਅਲ-ਟਾਇਮ ਲਰਨਿੰਗ ਦੇ ਨਾਲ ਅਜਿਹੀਆਂ ਫਾਲੋ-ਅੱਪ ਗਤੀਵੀਧੀਆਂ ਦਾ ਮਿਸ਼ਰਨ ਸ਼ਾਮਲ ਹੋਵੇਗਾ ਜਿੰਨ੍ਹਾਂ ਤੇ ਉਹ ਘਰ ਵਿੱਚ ਕੰਮ ਕਰਨਗੇ।

**ਕੁਆਡਮੈਸਟਰ (Quadmester):** ਸੈਕੰਡਰੀ ਸਕੂਲ ਦੇ ਸਾਲ ਨੂੰ ਕੁਆਡਮੈਸਟਰ ਕਹੀਆਂ ਜਾਣ ਵਾਲੀਆਂ ਸਮੇਂ ਦੀਆਂ ਚਾਰ ਅਵਧੀਆਂ ਵਿੱਚ ਵੰਡਿਆ ਜਾਵੇਗਾ। ਹਰੇਕ ਕੁਆਡਮੈਸਟਰ ਲਗਭਗ 10 ਹਫਤੇ ਲੰਬਾ ਹੈ। ਹਰੇਕ ਵਿਦਿਆਰਥੀ ਕੁਆਡਮੈਸਟਰ ਵਿੱਚ ਦੋ ਕੋਰਸਾਂ ਤੇ ਫੋਕਸ ਕਰੇਗਾ।